GOVERNMENT OF WESTERN AUSTRALIA

Department of Energy, Mines, Industry Regulation and Safety
Private Sector Labour Relations

wageline 1300 655 266




ਇਹ ਦਸਤਾਵੇਜ਼ www.wagetheft.wa.gov.au ਵੈੱਬਸਾਈਟ 'ਤੇ ਦਿੱਤੀ ਜਾਣਕਾਰੀ ਦੀ ਨਕਲ ਹੈ।

# ਵੈਸਟਰਨ ਆਸਟ੍ਰੇਲੀਆ ਵਿੱਚ ਵੇਤਨ ਚੋਰੀ ਦੀ ਰਿਪੋਰਟ ਕਰਨਾ

*ਜਾਣੋ ਕਿ ਵੇਤਨ ਅਤੇ ਹੱਕਦਾਰੀਆਂ ਨੂੰ ਜਾਣਬੁੱਝ ਕੇ ਘੱਟ ਅਦਾ ਕਰਨ ਦੀ ਰਿਪੋਰਟ ਕਿਵੇਂ ਕਰਨੀ ਹੈ*

ਵੇਤਨ ਚੋਰੀ ਕਿਸੇ ਕਰਮਚਾਰੀ ਨੂੰ ਵੇਤਨ ਅਤੇ ਹੱਕਦਾਰੀਆਂ ਦੀ ਯੋਜਨਾਬੱਧ ਅਤੇ ਜਾਣਬੁੱਝ ਕੇ ਘੱਟ ਅਦਾਇਗੀ ਕਰਨਾ ਹੁੰਦੀ ਹੈ। ਸਹਾਇਤਾ ਮੰਗਣ ਜਾਂ ਵੇਤਨ ਚੋਰੀ ਦੀ ਰਿਪੋਰਟ ਕਰਨ ਦੀ ਪ੍ਰਕਿਰਿਆ ਇਸ ਗੱਲ 'ਤੇ ਨਿਰਭਰ ਕਰਦਿਆਂ ਵੱਖ-ਵੱਖ ਹੁੰਦੀ ਹੈ ਕਿ ਕੀ ਉਹ ਕਾਰੋਬਾਰ ਰਾਜ ਵਿੱਚ ਹੈ ਜਾਂ ਰਾਸ਼ਟਰੀ ਉਦਯੋਗਿਕ ਸੰਬੰਧ ਪ੍ਰਣਾਲੀਆਂ ਵਿੱਚ ਹੈ।

ਇਹ ਜਾਣਕਾਰੀ ਵੈਸਟਰਨ ਆਸਟ੍ਰੇਲੀਆ ਦੇ ਕਾਮਿਆਂ ਦੀ ਇਸ ਗੱਲ ਵਿੱਚ ਮੱਦਦ ਕਰਦੀ ਹੈ ਕਿ ਕਿਵੇਂ:

- ਘੱਟ ਭੁਗਤਾਨ ਕੀਤੇ ਜਾਣ ਦੇ ਮੁੱਦੇ ਨੂੰ ਹੱਲ ਕਰਨ ਜਾਂ ਬਗ਼ੈਰ ਭੁਗਤਾਨ ਦੇ ਸਲਾਨਾ ਜਾਂ ਲੰਬੀ ਸੇਵਾ ਦੀ ਛੁੱਟੀ ਦਿੱਤੇ ਜਾਣ ਦੇ ਮੁੱਦੇ ਨੂੰ ਹੱਲ ਲਈ ਮੱਦਦ ਲੈਣੀ ਹੈ;
- ਵੇਤਨ ਚੋਰੀ ਦੀ ਸੂਚਨਾ ਸੰਬੰਧਿਤ ਸਰਕਾਰੀ ਵਿਭਾਗ ਨੂੰ ਗੁੰਮਨਾਮ ਰੂਪ ਵਿੱਚ ਦੇਣੀ ਹੈ; ਅਤੇ
- ਭੁਗਤਾਨ ਨਾ ਕੀਤੇ ਗਏ ਸੁਪਰਐਨੂਏਸ਼ਨ ਲਈ ਮੱਦਦ ਲੈਣੀ ਹੈ।

## ਰਾਜ ਅਤੇ ਰਾਸ਼ਟਰੀ ਉਦਯੋਗਿਕ ਸੰਬੰਧ ਪ੍ਰਣਾਲੀ ਬਾਰੇ ਜਾਣਕਾਰੀ

*ਤੁਹਾਨੂੰ ਇਹ ਜਾਣਨ ਦੀ ਜ਼ਰੂਰਤ ਹੁੰਦੀ ਹੈ ਕਿ ਵੇਤਨ ਚੋਰੀ ਦੀ ਰਿਪੋਰਟ ਕਰਨ ਲਈ ਤੁਹਾਡਾ ਰੁਜ਼ਗਾਰ ਕਿਹੜੀ ਪ੍ਰਣਾਲੀ ਅਧੀਨ ਆਉਂਦਾ ਹੈ*

ਵੈਸਟਰਨ ਆਸਟ੍ਰੇਲੀਆ ਵਿੱਚ ਇਸ ਅਧਾਰ 'ਤੇ ਨਿਰਭਰ ਕਰਦਿਆਂ ਕਿ ਕਿਸੇ ਕਾਰੋਬਾਰ ਜਾਂ ਸੰਸਥਾ ਨੂੰ ਕਿਵੇਂ ਚਲਾਇਆ ਜਾਂਦਾ ਹੈ ਕਾਰੋਬਾਰ ਅਤੇ ਉਨ੍ਹਾਂ ਦੇ ਕਰਮਚਾਰੀ ਜਾਂ ਤਾਂ ਰਾਜ ਉਦਯੋਗਿਕ ਸੰਬੰਧ ਪ੍ਰਣਾਲੀ ਜਾਂ ਰਾਸ਼ਟਰੀ ਉਦਯੋਗਿਕ ਸੰਬੰਧ ਪ੍ਰਣਾਲੀ ਵਿੱਚ ਆਉਂਦੇ ਹਨ।

ਰਾਜ ਪ੍ਰਣਾਲੀ ਤਹਿਤ ਉਹ ਰੁਜ਼ਗਾਰਦਾਤਾ ਆਉਂਦੇ ਹਨ ਜੋ:

- ਇਕੱਲੇ ਵਪਾਰੀ (ਸੋਲ ਟ੍ਰੇਡਰ) ਹਨ
- ਇਨਕਾਰਪੋਰੇਟਿਡ ਪਾਰਟਨਰਸ਼ਿਪ (ਗ਼ੈਰ-ਨਿਗਮਿਤ ਭਾਈਵਾਲੀ) ਜਿੱਥੇ ਕਾਰੋਬਾਰ ਵਿਚਲਾ ਕੋਈ ਵੀ ਪਾਰਟਨਰ Pty Ltd ਇਕਾਈਆਂ ਨਹੀਂ ਹੈ
- ਇਨਕਾਰਪੋਰੇਟਿਡ ਟਰੱਸਟ ਪ੍ਰਬੰਧ ਜਿੱਥੇ ਟਰੱਸਟ ਪ੍ਰਬੰਧ ਵਿਚਲਾ ਕੋਈ ਵੀ ਟਰੱਸਟੀ ਜਾਂ ਹੋਰ ਇਕਾਈ Pty Ltd ਇਕਾਈਆਂ ਨਹੀਂ ਹਨ
- ਇਨਕਾਰਪੋਰੇਟਿਡ ਐਸੋਸੀਏਸ਼ਨਾਂ ਅਤੇ ਹੋਰ ਗ਼ੈਰ-ਲਾਭਕਾਰੀ ਸੰਸਥਾਵਾਂ ਜਿਨ੍ਹਾਂ ਕੋਲ ਸੰਵਿਧਾਨਕ ਕਾਰਪੋਰੇਸ਼ਨ ਮੰਨੇ ਜਾਣ ਲਈ ਕਾਫ਼ੀ ਮਾਤਰਾ ਵਿੱਚ ਢੁੱਕਵੀਆਂ ਵਪਾਰਕ ਜਾਂ ਵਿੱਤੀ ਗਤੀਵਿਧੀਆਂ ਨਹੀਂ ਹਨ।

ਰਾਸ਼ਟਰੀ ਪ੍ਰਣਾਲੀ ਤਹਿਤ ਉਹ ਰੁਜ਼ਗਾਰਦਾਤਾ ਆਉਂਦੇ ਹਨ ਜੋ:

- Pty Ltd ਕਾਰੋਬਾਰ ਹਨ
- ਇਨਕਾਰਪੋਰੇਟਿਡ ਪਾਰਟਨਰਸ਼ਿਪ ਹੁੰਦੇ ਹਨ ਜਿੱਥੇ ਕਾਰੋਬਾਰ ਵਿੱਚ ਇੱਕ ਜਾਂ ਇੱਕੋ ਵੱਧ ਪਾਰਟਨਰ ਇੱਕ Pty Ltd ਇਕਾਈ ਹੈ
- ਇਨਕਾਰਪੋਰੇਟਿਡ ਟਰੱਸਟ ਪ੍ਰਬੰਧ ਜਿੱਥੇ ਟਰੱਸਟ ਪ੍ਰਬੰਧਾਂ ਵਿੱਚ ਇੱਕ ਜਾਂ ਇੱਕ ਤੋਂ ਵੱਧ ਟਰੱਸਟੀ ਜਾਂ ਹੋਰ ਇਕਾਈਆਂ ਇੱਕ Pty Ltd ਇਕਾਈ ਹਨ
- ਇਨਕਾਰਪੋਰੇਟਿਡ ਐਸੋਸੀਏਸ਼ਨਾਂ ਅਤੇ ਹੋਰ ਗ਼ੈਰ-ਲਾਭਕਾਰੀ ਸੰਸਥਾਵਾਂ ਜਿਨ੍ਹਾਂ ਕੋਲ ਸੰਵਿਧਾਨਕ ਕਾਰਪੋਰੇਸ਼ਨ ਮੰਨੇ ਜਾਣ ਲਈ ਕਾਫ਼ੀ ਮਾਤਰਾ ਵਿੱਚ ਢੁੱਕਵੀਆਂ ਵਪਾਰਕ ਜਾਂ ਵਿੱਤੀ ਗਤੀਵਿਧੀਆਂ ਹਨ।

ਜੇਕਰ ਤੁਹਾਨੂੰ ਇਹ ਪਤਾ ਕਰਨ ਵਿੱਚ ਮੱਦਦ ਦੀ ਲੋੜ ਹੈ ਕਿ ਰੁਜ਼ਗਾਰ ਕਾਨੂੰਨ ਦੀ ਕਿਹੜੀ ਪ੍ਰਣਾਲੀ ਲਾਗੂ ਹੁੰਦੀ ਹੈ, ਤਾਂ ਕਾਰੋਬਾਰ ਦੇ ਨਾਮ ਨਾਲ Wageline ਨੂੰ 1300 655 266 'ਤੇ ਫ਼ੋਨ ਕਰੋ ਅਤੇ ਅਸੀਂ ਫ਼ੋਨ 'ਤੇ ਹੀ ਇਸ ਬਾਰੇ ਪਤਾ ਕਰ ਸਕਦੇ ਹਾਂ।

## ਘੱਟ ਭੁਗਤਾਨ ਕੀਤੇ ਜਾਣ ਦੇ ਵਿਅਕਤੀਗਤ ਮੁੱਦੇ ਨੂੰ ਹੱਲ ਕਰੋ

### *ਵੇਤਨ ਜਾਂ ਰੁਜ਼ਗਾਰ ਹੱਕਦਾਰੀਆਂ ਦੇ ਘੱਟ ਭੁਗਤਾਨ ਦੇ ਕਿਸੇ ਵਿਅਕਤੀਗਤ ਮੁੱਦੇ ਨੂੰ ਹੱਲ ਕਰਨ ਲਈ ਮੱਦਦ ਲਓ*

#### ਸ਼ੁਰੂ ਕਰਨ ਤੋਂ ਪਹਿਲਾਂ - ਆਪਣੀਆਂ ਸਹੀ ਤਨਖ਼ਾਹ ਦਰਾਂ ਅਤੇ ਛੁੱਟੀ ਦੀਆਂ ਹੱਕਦਾਰੀਆਂ ਦੀ ਜਾਂਚ ਕਰੋ

- ਜੇਕਰ ਤੁਹਾਡੀ ਰੁਜ਼ਗਾਰ ਰਾਜ ਪ੍ਰਣਾਲੀ ਤਹਿਤ ਆਉਂਦੀ ਹੈ/ਆਉਂਦੇ ਹਨ, ਤਾਂ Wageline (www.demirs.wa.gov.au/wageline) ਕੋਲ ਤਨਖ਼ਾਹ ਦਰਾਂ ਅਤੇ ਛੁੱਟੀ ਦੀਆਂ ਹੱਕਦਾਰੀਆਂ ਬਾਰੇ ਜਾਣਕਾਰੀ ਹੈ। ਤੁਸੀਂ Wageline ਨੂੰ 1300 655 266 'ਤੇ ਫ਼ੋਨ ਕਰ ਸਕਦੇ ਹੋ।
- Wageline ਕੋਲ ਲੰਬੀ ਸੇਵਾ ਛੁੱਟੀ ਬਾਰੇ ਜਾਣਕਾਰੀ ਹੈ (www.demirs.wa.gov.au/longserviceleave) ਅਤੇ ਜੋ ਵੈਸਟਰਨ ਆਸਟ੍ਰੇਲੀਆ ਵਿੱਚ ਰਾਜ ਅਤੇ ਰਾਸ਼ਟਰੀ ਪ੍ਰਣਾਲੀ ਦੇ ਕਰਮਚਾਰੀਆਂ ਲਈ ਰਾਜ ਦੇ *Long Service Leave Act (ਲੌਂਗ ਸਰਵਿਸ ਲੀਵ ਐਕਟ)* ਦੁਆਰਾ ਕਵਰ ਕੀਤੀ ਜਾਂਦੀ ਹੈ।
- ਜੇਕਰ ਤੁਹਾਡਾ ਰੁਜ਼ਗਾਰਦਾਤਾ/ਰੁਜ਼ਗਾਰਦਾਤੇ ਰਾਸ਼ਟਰੀ ਪ੍ਰਣਾਲੀ ਤਹਿਤ ਆਉਂਦਾ ਹੈ/ਆਉਂਦੇ ਹਨ, ਤਾਂ ਫੇਅਰ ਵਰਕ ਓਮਬਡਸਮੈਨ (www.fairwork.gov.au) ਕੋਲ ਤਨਖ਼ਾਹ ਦਰਾਂ ਅਤੇ ਛੁੱਟੀ ਦੀਆਂ ਹੱਕਦਾਰੀਆਂ ਬਾਰੇ ਜਾਣਕਾਰੀ ਹੈ (ਲੰਮੀ ਸੇਵਾ ਛੁੱਟੀ ਨੂੰ ਛੱਡ ਕੇ)। ਤੁਸੀਂ ਫੇਅਰ ਵਰਕ ਓਮਬਡਸਮੈਨ ਨੂੰ 13 13 94 'ਤੇ ਫ਼ੋਨ ਕਰ ਸਕਦੇ ਹੋ।

#### ਵੇਤਨ ਅਤੇ ਸਾਲਾਨਾ ਛੁੱਟੀ ਦੀ ਹੱਕਦਾਰੀ ਦਾ ਘੱਟ ਭੁਗਤਾਨ - ਰਾਜ ਪ੍ਰਣਾਲੀ ਤਹਿਤ ਆਉਂਦੇ ਕਰਮਚਾਰੀ

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ WA ਅਵਾਰਡ ਜਾਂ *Minimum Conditions of Employment Act 1993 (ਰੁਜ਼ਗਾਰ ਐਕਟ 1993 ਦੀਆਂ ਘੱਟੋ-ਘੱਟ ਸ਼ਰਤਾਂ)* ਦੇ ਤਹਿਤ ਘੱਟ ਤਨਖ਼ਾਹ ਜਾਂ ਘੱਟ ਛੁੱਟੀ ਦਿੱਤੀ ਹੈ, ਤਾਂ ਤੁਸੀਂ ਘੱਟ ਭੁਗਤਾਨ ਕਰਨ ਬਾਰੇ ਸ਼ਿਕਾਇਤ ਦਰਜ ਕਰਵਾ ਸਕਦੇ ਹੋ (www.demirs.wa.gov.au/underpaymentcomplaints) ਜਾਂ ਤੁਸੀਂ Wageline ਨੂੰ 1300 655 266 'ਤੇ ਫ਼ੋਨ ਕਰ ਸਕਦੇ ਹੋ।

#### ਵੇਤਨ ਅਤੇ ਸਾਲਾਨਾ ਛੁੱਟੀ ਦੀ ਹੱਕਦਾਰੀ ਦਾ ਘੱਟ ਭੁਗਤਾਨ - ਰਾਸ਼ਟਰੀ ਪ੍ਰਣਾਲੀ ਤਹਿਤ ਆਉਂਦੇ ਕਰਮਚਾਰੀ

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਰਾਸ਼ਟਰੀ ਆਧੁਨਿਕ ਅਵਾਰਡ, ਫ਼ੈਡਰਲ ਸਮਝੌਤੇ ਜਾਂ *ਫੇਅਰ ਵਰਕ ਐਕਟ 2009* ਦੇ ਤਹਿਤ ਆਉਂਦੇ ਰਾਸ਼ਟਰੀ ਰੁਜ਼ਗਾਰ ਮਿਆਰਾਂ ਦੇ ਤਹਿਤ ਘੱਟ ਵੇਤਨ ਜਾਂ ਘੱਟ ਛੁੱਟੀ ਦਿੱਤੀ ਗਈ ਹੈ (ਲੰਮੀ ਸੇਵਾ ਛੁੱਟੀ ਨੂੰ ਛੱਡ ਕੇ), ਤਾਂ ਤੁਸੀਂ ਫੇਅਰ ਵਰਕ ਓਮਬਡਸਮੈਨ (https://) ਤੋਂ ਮੱਦਦ ਲੈ ਸਕਦੇ ਹੋ (www.fairwork.gov.au/workplace-problems/fixing-a-workplace-problem)।

#### *Long Service Leave Act 1958 (ਲੰਬੀ ਸੇਵਾ ਛੁੱਟੀ ਐਕਟ 1958)* ਦੇ ਅਧੀਨ ਲੰਬੀ ਸੇਵਾ ਛੁੱਟੀ ਦੇ ਹੱਕਾਂ ਦਾ ਘੱਟ ਭੁਗਤਾਨ

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਰਾਜ ਦੇ *Long Service Leave Act 1958* ਦੇ ਤਹਿਤ ਲੰਬੀ ਸੇਵਾ ਛੁੱਟੀ ਦੀ ਹੱਕਦਾਰੀ (www.demirs.wa.gov.au/longserviceleave) ਦਾ ਭੁਗਤਾਨ ਨਹੀਂ ਕੀਤਾ ਗਿਆ ਹੈ, ਤਾਂ ਤੁਸੀਂ ਵੇਤਨ ਜਾਂ ਹੱਕਦਾਰੀਆਂ ਦੇ ਘੱਟ ਭੁਗਤਾਨ ਬਾਰੇ ਸ਼ਿਕਾਇਤ ਕਰ ਸਕਦੇ ਹੋ (www.demirs.wa.gov.au/underpaymentcomplaints) ਜਾਂ ਸ਼ਿਕਾਇਤ ਕਿਵੇਂ ਦਰਜ ਕਰਨੀ ਹੈ ਇਸ ਬਾਰੇ ਜਾਣਕਾਰੀ ਲਈ Wageline ਨੂੰ 1300 655 266 'ਤੇ ਫ਼ੋਨ ਕਰ ਸਕਦੇ ਹੋ।

# ਵੇਤਨ ਚੋਰੀ ਦੇ ਮੁੱਦੇ ਦੀ ਰਿਪੋਰਟ ਕਰੋ

## *ਵੇਤਨ ਚੋਰੀ ਦੇ ਮੁੱਦੇ ਦੀ ਰਿਪੋਰਟ ਗੁੰਮਨਾਮ ਤੌਰ 'ਤੇ ਕਰੋ*

ਤੁਸੀਂ ਵੇਤਨ ਚੋਰੀ ਦੇ ਮੁੱਦੇ ਬਾਰੇ ਇੱਕ ਗੁੰਮਨਾਮ ਰਿਪੋਰਟ ਕਰ ਸਕਦੇ ਹੋ।

### ਰਾਜ ਪ੍ਰਣਾਲੀ ਤਹਿਤ ਆਉਂਦੇ ਰੁਜ਼ਗਾਰਦਾਤਾ

ਤੁਸੀਂ ਗੁੰਮਨਾਮ ਤੌਰ 'ਤੇ ਰਾਜ ਪ੍ਰਣਾਲੀ ਤਹਿਤ ਆਉਂਦੇ ਕਿਸੇ ਰੁਜ਼ਗਾਰਦਾਤਾ ਦੇ ਸੰਬੰਧ ਵਿੱਚ ਵੇਤਨ ਚੋਰੀ ਦੇ ਮੁੱਦੇ ਜਾਂ Private Sector Labour Relations (ਪ੍ਰਾਈਵੇਟ ਸੈਕਟਰ ਲੇਬਰ ਰਿਲੇਸ਼ਨਜ਼) (www.wagetheft.wa.gov.au) ਨੂੰ ਇੱਕ ਲੰਬੀ ਸੇਵਾ ਛੁੱਟੀ ਦੇ ਘੱਟ ਭੁਗਤਾਨ ਦੇ ਮੁੱਦੇ ਦੀ ਰਿਪੋਰਟ ਕਰ ਸਕਦੇ ਹੋ।

### ਰਾਸ਼ਟਰੀ ਪ੍ਰਣਾਲੀ ਤਹਿਤ ਆਉਂਦੇ ਰੁਜ਼ਗਾਰਦਾਤਾ

ਤੁਸੀਂ ਗੁੰਮਨਾਮ ਤੌਰ 'ਤੇ ਫੇਅਰ ਵਰਕ ਓਮਬਡਸਮੈਨ ਨੂੰ ਰਾਸ਼ਟਰੀ ਪ੍ਰਣਾਲੀ ਤਹਿਤ ਆਉਂਦੇ ਰੁਜ਼ਗਾਰਦਾਤਾ ਦੇ ਸੰਬੰਧ ਵਿੱਚ ਵੇਤਨ ਦੀ ਚੋਰੀ/ਘੱਟ ਅਦਾਇਗੀ ਦੇ ਮੁੱਦੇ ਦੀ ਰਿਪੋਰਟ ਕਰ ਸਕਦੇ ਹੋ (www.fairwork.gov.au/workplace-problems/fixing-a-workplace-problem/report-an-issue-anonymously )।

# ਬਕਾਇਆ ਸੁਪਰਐਨੂਏਸ਼ਨ

## *ਬਕਾਇਆ ਸੁਪਰਐਨੂਏਸ਼ਨ ਲਈ ਮੱਦਦ ਮੰਗੋ*

ਜੇਕਰ ਤੁਸੀਂ ਭੁਗਤਾਨ ਨਹੀਂ ਕੀਤੇ ਗਏ ਸੁਪਰਐਨੂਏਸ਼ਨ ਯੋਗਦਾਨਾਂ ਦੀ ਰਿਪੋਰਟ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਸਟ੍ਰੇਲੀਅਨ ਟੈਕਸੇਸ਼ਨ ਦਫ਼ਤਰ (www.ato.gov.au) ਨਾਲ ਸੰਪਰਕ ਕਰੋ।